ਪ੍ਰਸੰਗ

ਪੂਰਨ ਭਗਤ ਜੀ ਦਾ

G-983

ਕ੍ਰਿਤ

ਮੀਆਂ ਕਾਦਰ ਯਾਰ

ਰਾਜਾ ਸਲਵਾਨ ਤੇ ਰਾਣੀ ਲੂਣਾ



ਜਿਸਨੂੰ

ਲਾਲਾ ਮਾਘੀ ਰਾਮ ਸੰਤ ਰਾਮ

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੇ ਛਪਾਯਾ

ਮੁਲ ≡) ਤਿੰਨ ਆਨੇ

੧ ੴ ਸਤਿਗੁਰਪ੍ਰਸਾਦਿ ॥

ਅੱਵਲ ਆਖ ਸੁਨਾ ਖੁਦਾ ਤਾਈਂ ਜਿਹਨੂੰ ਪੀਰ ਫਕੀਰ ਧਿਆਉਂਦੇ ਨੇ
ਲੋਹ ਕਲਮ ਤੇ ਜ਼ਿਮਾਂ ਅਸਮਾਨ ਤਾਰੇ ਚੰਦ ਸੂਰਜ ਭੀ ਸੀਸ ਨਿਵਾਉਂਦੇ ਨੇ
ਮੱਛ ਕੱਛ ਸੰਸਾਰ ਸਮੁੰਦਰਾਂ ਦੇ ਉਹ ਭੀ ਰੱਬ ਦੇ ਜੀਵ ਕਹਾਉਂਦੇ ਨੇ
ਕਾਦਰਯਾਰ ਮੀਆਂ ਜੰਗਲ ਜੂਹ ਬੇਲੇ ਸੱਭੇ ਰੱਬ ਦਾ ਬਿਰਦ ਕਮਾਉਂਦੇ ਨੇ

ਪਹਿਲੀ ਸਿਹਰਫੀ

ਅਲਫ ਆ ਸਖੀ ਸਜ਼ਾਲਕੋਟਅੰਦਰ ਪੂਰਨਪੁਤਸਲਵਾਨ ਦੇ ਜਾਇਆ ਏ
ਜਦੋਂ ਜੰਮਿਆ ਰਾਜੇ ਨੂੰ ਖਬਰ ਹੋਈ ਸਦ ਪੰਡਤਾਂ ਬੇਦ ਫੁਲਾਇਆ ਏ
ਬਾਰਾਂ ਵਰ੍ਹੇ ਨਾ ਰਾਜਿਆ ਮੂੰਹ ਲਗੀਂ ਦੇਖ ਪੰਡਤਾਂ ਏਹ ਫੁਰਮਾਇਆ ਏ
ਕਾਦਰਯਾਰ ਮੀਆਂ ਪੂਰਨਭਗਤਤਾਈਂ ਓਸੇਵਕਤਭੋਰੇ ਵਿਚ ਪਾਇਆ ਏ
ਬੇ ਬੇਦ ਜਿਵੇਂ ਰੱਬ ਲਿਖਿਆ ਸੀ ਤਿਵੇਂ ਪੰਡਤਾਂ ਖੋਲ੍ਹ ਸੁਨਾ ਦਿੱਤਾ
ਪੂਰਨ ਇਕ ਹਨੇਰਿਓਂ ਬਾਹਰ ਆਯਾ ਦੂਜੀ ਕੋਠੜੀ ਦੇ ਵਿਚ ਪਾ ਦਿੱਤਾ
ਸਣੇ ਗੋਲੀਆਂ ਬਾਂਦੀਆਂਦਾਈਆਂ ਦੇ ਬਾਰਾਂਬਰਸਾਂ ਦਾ ਖ਼ਰਚਪਵਾ ਦਿੱਤਾ
ਕਾਦਰਯਾਰ ਮੀਆਂ ਪੂਰਨ ਭਗਤ ਤਾਂਈਬਾਪ ਜੰਮਦਿਆਂ ਕੈਦਕਰਾ ਦਿੱਤਾ
ਤੇ ਤਾਬਿਆਨਾਲ ਉਸਤਾਦ ਹੋਏ ਹੁਨਰ ਵਿਦਿਆ ਅਕਲ ਸਿਖਾਉਨੇ ਨੂੰ
ਛੇਆਂ ਬਰਸਾਂ ਦਾਜਾਂ ਪੂਰਨਭਗਤਹੋਇਆ ਪਾਂਧੇਪੋਥੀਆਂਦੇਣਪੜ੍ਹਾਉਨੇ ਨੂੰ
ਤੀਰ ਅੰਦਾਜ਼ਾਂ ਨੇ ਹਥ ਕਮਾਨ ਦਿੱਤੀਦੱਸਣ ਵਰਜਸ਼ਾਂਤੀਰਚਲਾਉਨੇ ਨੂੰ
ਕਾਦਰਯਾਰ ਜਵਾਨ ਜਾਂਹੋਇਆ ਪੂਰਨ ਦੱਮ ੨ ਲੋਚੇ ਬਾਹਰਆਉਨੇ ਨੂੰ
ਸੇ ਸਾਬਤੀ ਵਿੱਦਿਆ ਸਿੱਖ ਕੇ ਜੀਬਾਰਾਂ ਬਰਸ ਗੁਜ਼ਰੇ ਖਬਰਦਾਰ ਹੋਯਾ
ਪੂਰਨ ਭਗਤ ਰਾਜੇ ਸਲਵਾਨ ਤਾਂਈ ਰੱਖ ਪੈਂਤੜੇ ਮਿਲਨ ਤਿਆਰ ਹੋਯਾ
ਚੜੀ ਹਿਰਸ ਸਲਵਾਨ ਨੂੰ ਓਸਵੇਲੇ ਚੁਕ ਅੱਡੀਆਂ ਪੱਬਾਂ ਦੇ ਭਾਰ ਹੋਯਾ
ਕਾਦਰਯਾਰ ਪੁਤ੍ਰ ਕਰਮਾਂ ਵਾਲਿਆਂ ਦੇ ਚੜੀਹਿਰਸਤੇਮਸਤ ਸੰਸਾਰ ਹੋਯਾ
ਜੀਮ ਜਾਇ ਰਾਜੇ ਸਲਵਾਨ ਆਂਦੀ ਇਕ ਇਸਤ੍ਰੀ ਹੋਰ ਵਿਆਹਿਕੇ ਜੀ
ਓਹਦੀ ਜ਼ਾਤ ਚਮਿਆਰੀ ਤੇ ਨਾਂ ਲੂਣਾਂ ਘਰਆਈਸੀ ਈਨਮਨਾਇਕੇ ਜੀ
ਦਿੱਸੇ ਸੂਰਤ ਚੰਦ ਮਹਤਾਬ ਜੇਹੀ ਜਦੋਂ ਬੈਠਦੀ ਸੀ ਜ਼ੇਵਰ ਲਾਇਕੇ ਜੀ
ਕਾਦਰਯਾਰ ਕੀ ਆਖ ਸੁਨਾਉਸਾਂ ਮੈਂਪੰਛੀਡਿਗਦੇਸਨ ਦੂਸ਼ਨਪਾਇਕੇਜੀ

ਹੇ ਹਾਰ ਸ਼ਿੰਗਾਰ ਸਭ ਪਹਿਨਕੇ ਜੀਪੂਰਨ ਨਾਲ ਮਹੂਰਤਾਂ ਬਾਹਰ ਆਯਾ
ਲਿਆ ਕੱਢ ਤਬੇਲਿਓਂ ਭੌਰ ਤਾਜੀ ਜਿਗਾ ਰੱਖਕੇ ਵਿਚ ਬਜਾਰ ਆਯਾ
ਖੁਸ਼ੀ ਬਹੁਤ ਹੋਈ ਰਾਣੀ ਇਛਰਾਂ ਨੂੰ ਘਰ ਦੇਨ ਵਧਾਈ ਸੰਸਾਰ ਆਯਾ
ਕਾਦਰ ਯਾਰ ਗੁਜ਼ਾਰਕੇਬਰਸ ਬਾਰਾਂ ਪੂਰਨ ਰਾਜਿਆਂ ਦੇ ਦਰਬਾਰ ਆਯਾ
ਖੇ ਖੁਸ਼ੀ ਹੋਈ ਸਲਵਾਨ ਤਾਈਂ ਪੂਰਨ ਭਗਤ ਸਲਾਮ ਜਾਂ ਆਨ ਕੀਤਾ
ਖੁਸ਼ੀ ਨਾਲਨਾ ਮੇਉਂਦਾਵਿਚਜਾਮੇਂਗਭ੍ਰੂਆਂ ਮਣਸੀਆਂਤੇਪੁੰਨਦਾਨ ਕੀਤਾ
ਪੂਰਨ ਵਿਚ ਕਚੈਹਰੀ ਬੈਠਕੇ ਜੀਲੋਕਾਂ ਸਾਰਿਆਂ ਵਲ ਧਿਆਨ ਕੀਤਾ
ਕਾਦਰਯਾਰ ਨਾ ਸੂਰਤ ਜਾਇ ਝੱਲੀ ਬੈਠ ਸਾਏ ਦੇ ਹੇਠ ਦੀਵਾਨ ਕੀਤਾ
ਦਾਲ ਦੱਸਦਾ ਪੁੱਛਦਾ ਲਾਗੀਆਂ ਨੂੰ ਸਲਵਾਨ ਰਾਜਾ ਓਥੇ ਗੱਜਕੇ ਜੀ
ਪੂਰਨ ਭਗਤ ਦਾ ਢੂੰਡਣਾ ਸਾਕ ਕੋਈਜਿਥੇ ਚੱਲ ਢੁੱਕਾਂ ਦਿਨਅਜਦੇ ਜੀ
ਮੈਨੂੰ ਸਿੱਕਦਿਆਂ ਰੱਬ ਨੇ ਲਾਲ ਦਿੱਤਾਖੁਸ਼ੀ ਵੇਖਲਵਾਂ ਅਖੀਂ ਰਜਕੇ ਜੀ
ਕਾਦਰਯਾਰ ਮੀਆਂਪੂਰਨ ਭਗਤਅਗੋਂਸਚੇ ਸੁਖਨ ਕਹਿੰਦਾ ਗੱਜਵਜਕੇਜੀ
ਜ਼ਾਲ ਜ਼ਰਾਨਾਸੰਗਦਾ ਬਾਪ ਕੋਲੋਂ ਕਹਿੰਦਾਬਾਬਲਾ ਪੁਤ ਵਿਆਹ ਨਾਹੀਂ
ਜੇਹੜੇ ਸ਼ੌਕ ਨੂੰ ਲੋਕ ਵਿਆਹ ਕਰਦੇ ਅਜੇ ਓਹ ਮੇਰੇ ਮਨ ਚਾਹ ਨਾਹੀਂ
ਮੇਰਾ ਭੌਰ ਸੈਲਾਨੀ ਹੈ ਨਿੱਤ ਰਹਿੰਦਾ ਬੰਨ ਬਾਬਲਾ ਬੇੜੀਆਂ ਪਾ ਨਾਹੀਂ
ਕਾਦਰਯਾਰ ਆਖੇ ਪੂਰਨ ਬਾਪ ਤਾਈਂ ਮੈਥੋਂ ਰੱਬ ਦਾਨਾਮ ਭੁਲਾ ਨਾਹੀਂ
ਰੇ ਰੰਗ ਤਗੱਯਰ ਹੋਗਿਆ ਸੁਨਕੇ ਪੂਰਨ ਭਗਤ ਕੋਲੋਂ ਸਲਵਾਨ ਦਾ ਏ
ਕੋਲੋਂ ਉੱਠ ਵਜ਼ੀਰ ਨੇ ਅਰਜ਼ ਕੀਤੀ ਅਜੇ ਏਹ ਕੀਰਾਜਿਆ ਜਾਨਦਾ ਏ
ਜਦੋਂ ਹੋਊ ਜਵਾਨ ਤੇ ਕਰੂ ਆਪੇ ਤੈਨੂੰ ਬਾਹਰਾ ਫਿਕਰ ਜਹਾਨ ਦਾ ਏ
ਕਾਦਰਯਾਰ ਵਜ਼ੀਰ ਦੇ ਲੱਗ ਆਖੇ ਰਾਜਾ ਫੇਰ ਖੁਸ਼ੀ ਵਿਚ ਆਉਂਦਾ ਏ
ਜ਼ੇ ਜ਼ਬਾਨ ਥੀਂ ਰਾਜੇ ਨੇ ਹੁਕਮ ਕੀਤਾ ਘਰ ਜਾ ਸਲਾਮਕਰ ਮਾਈਆਂ ਨੂੰ
ਏਸੇ ਹਿਰਸ ਨੂੰ ਧੌਲਰੀਂ ਪਾਲਿਆ ਮੈਂਮੂਹ ਮੋੜ ਨਾਖੁਸ਼ੀਆਂਆਈਆਂ ਨੂੰ
ਪੂਰਨ ਉਠਿਆਬਾਪ ਦਾਹੁਕਮਲੈਕੇਅਗੇਲਾਉਂਦਾਲਾਗੀਆਂ ਨਾਈਆਂ ਨੂੰ
ਕਾਦਰਯਾਰ ਕੀਹੁਸਨਦੀਸਿਫਤਕਰੀਏ ਰਨਾਂਦੇਖਭੁਲਾਂਦੀਆਂਸਾਈਆਂ ਨੂੰ
ਸੀਨ ਸਖੀ ਸੀ ਹੱਥ ਦਾ ਬਹੁਤ ਸਾਰਾ ਸੂਚਾ ਸ਼ਸਤ੍ਰਾਂ ਦਾਸੋਹਣਾਜਤੀਨਾਲੇ
ਨੱਕ ਵਿਚ ਬਲਾਕ ਸੁਹਾਉਂਦਾ ਸੂ ਕੰਨੀਂ ਚਮਕਦੇ ਲਾਲ ਜ਼ਮੁਰਦ ਵਾਲੇ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.